ਦਫਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਐਲੀਮੈਂਟਰੀ) ਪੰਜਾਬ।
(ਕੰਪਲੈਕਸ ਪੰਜਾਬ ਸਕੂਲ ਐਜੂਕੇਸ਼ਨ ਬੋਰਡ, ਫੇਜ਼-8, ਬਲਾਕ-ਈ, ਐਸ.ਏ.ਐਸ. ਨਗਰ)

# ਪਬਲਿਕ ਨੋਟਿਸ

ਨੰ: ਈ/883242

ਮਿਤੀ 26.04.2025

1. ਸਿੱਖਿਆ ਵਿਭਾਗ ਵੱਲੋਂ ਪੰਜਾਬ ਰਾਜ ਦੇ ਪ੍ਰਾਇਮਰੀ ਸਕੂਲਾਂ ਵਿੱਚ ਈ ਟੀ ਟੀ ਕਾਡਰ ਦੀਆਂ 5994 ਅਸਾਮੀਆਂ ਭਰਨ ਲਈ ਮਿਤੀ 12-10-2022 ਨੂੰ ਵਿਗਿਆਪਨ ਦਿੱਤਾ ਗਿਆ ਸੀ। ਸਿੱਖਿਆ ਭਰਤੀ ਡਾਇਰੈਕਟੋਰੇਟ ਵੱਲੋਂ 5994 ਆਸਾਮੀਆਂ ਦਾ ਨਤੀਜਾ ਮਿਤੀ 01-09-2024 ਨੂੰ ਵੈਬਸਾਈਟ ਤੇ ਅਪਲੋਡ ਕੀਤਾ ਗਿਆ ਸੀ।

2. ਇਸ ਉਪਰੰਤ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਲੋਂ EWS (Economically Weaker Section) ਦੇ ਰਾਂਖਵਾਕਰਨ ਸਬੰਧੀ CWP No. 4264 of 2021 ਸਿੰਕਦਰ ਸਿੰਘ ਬਨਾਮ ਪੰਜਾਬ ਸਰਕਾਰ ਦੇ ਫੈਸਲੇ ਮਿਤੀ 14.10.2024 ਅਤੇ Hon'ble Supreme Court of India ਵੱਲੋਂ NIOS (National School of Open Schooling) ETT ਦੇ ਡਿਪਲੋਮੇ ਦੀ ਵੈਧਤਾ ਸਬੰਧੀ ਫੈਸਲੇ ਮਿਤੀ 10-12-2024 ਦੇ ਸਨਮੁੱਖ ਅਗਲੇਰੀ ਕਾਰਵਾਈ ਕਰਦੇ ਹੋਈ ਸਿੱਖਿਆ ਭਰਤੀ ਡਾਇਰੈਕਟੋਰੇਟ ਵੱਲੋਂ ਵੱਖ-ਵੱਖ ਮਿਤੀਆਂ ਨੂੰ ਪਹਿਲਾਂ ਜਾਰੀ ਕੀਤੀਆਂ ਪ੍ਰੋਵੀਜਨਲ ਸਿਲੈਕਸ਼ਨ ਸੂਚੀਆਂ ਨੂੰ ਰੱਦ ਕਰਦੇ ਹੋਏ, ਰੀ-ਕਾਸਟ ਪ੍ਰੋਵੀਜਨਲ ਸਿਲੈਕਸ਼ਨ ਸੂਚੀ ਮਿਤੀ 04-02-2025 ਨੂੰ ਵਿਭਾਗ ਦੀ ਵੈਬਸਾਈਟ ਤੇ ਅਪਲੋਡ ਕੀਤੀ ਗਈ ਸੀ। ਸੀਓਸੀਪੀ 1057/25 ਵੀਰਭਾਨ ਦੇ ਅੰਤ੍ਰਿਮ ਹੁਕਮ ਮਿਤੀ 04.04.2025 ਦੇ ਸਨਮੁੱਖ ਰੀਵਾਇਜ਼ ਰੀ ਕਾਸਟ ਪ੍ਰੋਵੀਜ਼ਨਲ ਸਿਲੈਕਸ਼ਨ ਸੂਚੀ ਅਨੁਸਾਰ ਹਾਜਰ ਕਰਵਾਏ ਜਾਣ ਵਾਲੇ ਉਮੀਦਵਾਰਾਂ ਨੂੰ ਹਾਜਰ ਹੋਣ ਦੀ ਮਿਤੀ ਤੋਂ ਵਿੱਤੀ ਲਾਭ ਦੇਣ ਯੋਗ ਹੋਣਗੇ ।

3. ਉਕਤ ਰੀ-ਕਾਸਟ ਪ੍ਰੋਵੀਜਨਲ ਸਿਲੈਕਸ਼ਨ ਸੂਚੀ ਵਿਚਲੇ ਯੋਗ ਉਮੀਦਵਾਰਾਂ ਨੂੰ ਬਾਰਡਰ ਏਰੀਆ ਦੇ ਜਿਲ੍ਹਿਆਂ ਨੂੰ ਛੱਡ ਕੇ ਬਾਕੀ 17 ਜਿਲਿਆਂ ਵਿੱਚ ਮੌਜੂਦ ਖਾਲੀ ਅਸਾਮੀਆਂ ਵਿਰੁੱਧ ਸਟੇਟ ਐਮ.ਆਈ.ਐਸ ਸੈੱਲ ਵਲੋਂ ਆਨ-ਲਾਈਨ ਪ੍ਰਕਿਰਿਆ ਰਾਹੀਂ ਸਟੇਸ਼ਨ ਚੋਣ ਕਰਵਾਈ ਗਈ ਸੀ। ਜਿਸ ਦੇ ਸਨਮੁੱਖ ਯੋਗ ਉਮੀਦਵਾਰਾਂ ਨੂੰ ਮਿਤੀ 01.04.2025 ਨੂੰ ਨਿਯੁਕਤੀ ਪੱਤਰ ਜਾਰੀ ਕੀਤੇ ਗਏ ਸਨ। ਸਿੱਖਿਆ ਭਰਤੀ ਡਾਇਰੈਕਟੋਰੇਟ ਵੱਲੋਂ ਸੀ.ਓ.ਸੀ.ਪੀ ਨੰ: 1057 ਆਫ 2025 ਵੀਰਭਾਨ ਦੇ ਕੇਸ ਵਿਚ ਹੋਏ ਅੰਤ੍ਰਿਮ ਹੁਕਮ ਮਿਤੀ 04.04.2025 ਦੀ ਪਾਲਣਾ ਕਰਦੇ ਹੋਏ ਉਹਨਾਂ ਵੱਲੋਂ ਈ.ਟੀ.ਟੀ 5994 ਦੀ ਨਵੀਂ ਰਿਵਾਇਜ਼ਡ ਰੀ-ਕਾਸਟ ਪ੍ਰੋਵੀਜ਼ਨਲ ਸਿਲੈਕਸ਼ਨ ਸੂਚੀ ਮਿਤੀ 20.04.2025 ਨੂੰ ਅਪਲੋਡ ਕਰਦੇ ਹੋਏ ਲਿਖਿਆ ਹੈ ਕਿ 5994 ਭਰਤੀ ਸਬੰਧੀ ਪਹਿਲਾਂ ਭੇਜੀਆਂ ਗਈਆਂ ਪ੍ਰੋਵੀਜਨਲ ਸਿਲੈਕਸ਼ਨ ਸੂਚੀਆਂ ਦੀ ਜਗ੍ਹਾ ਹੁਣ ਰਿਵਾਇਜ਼ਡ ਰੀ-ਕਾਸਟ ਪ੍ਰੋਵੀਜ਼ਨਲ ਸਿਲੈਕਸ਼ਨ ਸੂਚੀ, ਉਹਨਾਂ ਸਿਲੈਕਸ਼ਨ ਸੂਚੀਆਂ ਦਾ ਬਦਲ ਹੋਵੇਗੀ।

4. ਸਿੱਖਿਆ ਭਰਤੀ ਡਾਇਰੈਕਟੋਰੇਟ ਵੱਲੋਂ ਵੈਬ-ਸਾਈਟ ਤੇ ਮਿਤੀ 20-04-2025 ਨੂੰ ਅਪਲੋਡ ਕੀਤੀ ਰੀਵਾਇਜਡ ਰੀ-ਕਾਸਟ ਪ੍ਰੋਵੀਜਨਲ ਸਿਲੈਕਸ਼ਨ ਸੂਚੀ ਵਿੱਚ ਵੱਖ-ਵੱਖ ਕੈਟਾਗਰੀਆਂ ਦੇ ਨਵੇਂ 181 ਯੋਗ ਉਮੀਦਵਾਰ ਸ਼ਾਮਿਲ ਕੀਤੇ ਗਏ ਹਨ। ਇਹਨਾਂ 181 ਯੋਗ ਉਮੀਦਵਾਰਾਂ ਨੂੰ ਆਨ-ਲਾਈਨ ਪ੍ਰੋਸੈਸ ਰਾਹੀਂ ਸਟੇਸ਼ਨ ਚੁਆਇਸ ਕਰਵਾਈ ਜਾਣੀ ਹੈ। ਸਟੇਸ਼ਨ ਅਲਾਟਮੈਂਟ ਦੇ ਮੰਤਵ ਲਈ ਪੋਰਟਲ ਮਿਤੀ 27-04-2025 ਨੂੰ 3.00 PM ਤੋਂ 28.04.2025 ਨੂੰ 3.00 PM ਤੱਕ ਖੁੱਲ੍ਹਾ ਰਹੇਗਾ। ਇਥੇ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਇਸ ਸਮੇਂ ਬਾਰਡਰ ਏਰੀਏ ਦੇ ਰੂਲਾਂ ਅਨੁਸਾਰ 2364 ਭਰਤੀ ਚੱਲ ਰਹੀ ਹੈ। ਇਸ ਲਈ ਬਾਰਡਰ ਏਰੀਏ ਦੇ 6 ਜਿਲ੍ਹਿਆਂ ਨੂੰ ਛੱਡ ਕੇ ਬਾਕੀ ਦੇ 17 ਜਿਲ੍ਹਿਆਂ ਵਿੱਚ ਖਾਲੀ ਅਸਾਮੀਆਂ ਵਿਰੁੱਧ ਸਟੇਸ਼ਨ ਅਲਾਟਮੈਂਟ ਲਈ ਵਿਚਾਰਿਆ ਜਾਵੇਗਾ। ਇਹਨਾਂ ਯੋਗ ਉਮੀਦਵਾਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਕਤ ਸ਼ਡਿਊਲ ਅਨੁਸਾਰ ਸਟੇਸ਼ਨ ਚੋਣ ਕਰਨੇ ਯਕੀਨੀ ਬਣਾਏ ਜਾਣ। ਹਰੇਕ ਉਮੀਦਵਾਰ ਆਪਣੀ ਆਈ.ਡੀ ਵਿੱਚ ਸ਼ੋਅ ਹੋ ਰਹੀ ਵੈਕੰਸੀ ਲਿਸਟ ਵਿੱਚੋਂ ਜਿੰਨੇ ਮਰਜੀ ਸਟੇਸ਼ਨਾਂ ਦੀ ਆਪਸ਼ਨ ਵਿੱਚ ਭਰ ਸਕਦੇ ਹਨ।

5. ਇਹ ਪ੍ਰਕਿਰਿਆਂ ਸਮੁੱਚੇ ਰੂਪ ਵਿੱਚ ਆਨ-ਲਾਈਨ ਹੀ ਹੋਵੇਗੀ। ਜਿਹੜੇ ਯੋਗ ਉਮੀਦਵਾਰ ਸਟੇਸ਼ਨ ਚੋਣ ਨਹੀਂ ਕਰਨਗੇ, ਉਹਨਾਂ ਨੂੰ ਵੈਕੰਸੀ ਲਿਸਟ ਵਿੱਚ ਖਾਲੀ ਰਹਿੰਦੇ ਸਟੇਸ਼ਨਾਂ ਵਿੱਚੋਂ, ਜਿਸ ਜਿਲ੍ਹੇ ਵਿੱਚ ਸਬੰਧਤ ਕੈਟਾਗਰੀ ਦੀ ਖਾਲੀ ਅਸਾਮੀ ਹੋਵੇਗੀ, ਮੈਰਿਟ ਅਨੁਸਾਰ ਕੋਈ ਇੱਕ ਸਟੇਸ਼ਨ ਆਨ-ਲਾਈਨ ਪ੍ਰਕਿਰਿਆ ਤਹਿਤ ਐਮ.ਆਈ.ਐਸ ਸ਼ਾਖਾ ਵਲੋਂ ਅਲਾਟ ਕਰ ਦਿੱਤਾ ਜਾਵੇਗਾ, ਜਿਸ ਨੂੰ ਮੁੜ ਬਦਲਿਆ ਨਹੀਂ ਜਾਵੇਗਾ।

ਸਹਾਇਕ ਡਾਇਰੈਕਟਰ (ਅਮਲਾ-2)

Scanned with OKEN Scanner